# ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ. ਸਿ:) ਪੰਜਾਬ
## ਫੇਜ -8 , ਸਅਸ ਨਗਰ

ਹੁਕਮ ਨੰ- 11/67-2015 ਅਮਲਾ-1
ਮਿਤੀ, ਸਅਸ ਨਗਰ:- 3/7/2016

ਹੇਠ ਦਰਸਾਏ ਗਏ ਮਾਸਟਰ / ਮਿਸਟ੍ਰੈਸ ਨੂੰ ਬਤੌਰ ਲੈਕਚਰਾਰ **ਹੋਮ ਸਾਇੰਸ** ਪੇ ਸਕੇਲ 10300-34800 + 5400 (ਗਰੇਡ ਪੇਅ ) ਵਿੱਚ ਤੱਤਕਾਲ ਸਮੇਂ ਤੋਂ ਪਦ-ਉੱਨਤ ਕੀਤਾ ਜਾਂਦਾ ਹੈ।

**General**

| Sr no | Sen No. Master/ Mistress | Name | Father Name | Sub of Master/ Mistress | Present Posting | Cat. | Remarks |
|---|---|---|---|---|---|---|---|
| 1 | 34 | Prerna Kapoor | SukhdevRaj | Home Sci | GSSS Dhapai | Gen | |
| 2 | 2137 | GURMEET KAUR | AMAR SINGH | PBI | GMS purana quila, kotkpura | gen | |
| 3 | 2152 | PUNEETINDER KAUR | JALAWAR SINGH | PBI | GES KHILLAN MANSA | gen | |

## ਨੋਟ:

1. ਪੱਦਉਨਤੀ ਪ੍ਰਕ੍ਰਿਆ ਲਈ ਮਿਤੀ 14/01/16 ਤੱਕ ਯੋਗ ਕਰਮਚਾਰੀਆ ਦਾ ਸੇਵਾ ਰਿਕਾਰਡ ਰਾਜ ਦੇ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਪ੍ਰਾਪਤ ਕੀਤਾ ਗਿਆ ਸੀ। ਇਸ ਲ਼ਈ 14/01/16 ਤੱਕ ਐਮ.ਏ/ ਐਮ.ਐਸ.ਸੀ / ਐਮ-ਕਾਮ ਪਾਸ ਕਰਮਚਾਰੀਆਂ ਨੂੰ ਹੀ ਯੋਗ ਕਰਾਰ ਦਿੱਤਾ ਗਿਆ ਹੈ। ਜਦੋਂ ਕਿ ਕੁਝ ਕਰਮਚਾਰੀ 14/01/16 ਤੋਂ ਬਾਅਦ 30/06/16 ਤੱਕ ਨਿਰਧਾਰਿਤ ਯੋਗਤਾਂ ਪ੍ਰਾਪਤ ਕਰ ਚੁਕੇ ਹਨ ਅਤੇ ਆਪਣੇ ਵਿਸ਼ੇ ਵਿੱਚ ਪੱਦਉਨਤ ਹੋਣ ਵਾਲੇ ਅੰਤਿਮ ਕਰਮਚਾਰੀ ਤੋਂ ਸੀਨੀਅਰ ਹਨ , ਉਹਨਾਂ ਦੇ ਕੇਸ ਵੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਮਿਤੀ 08/07/16 ਤੱਕ ਕਮਰਾ ਨੰ 202, ਸਰਕਾਰੀ ਮਾਡਲ ਸੀਨੀਅਰ ਸ਼ੈਕੰਡਰੀ ਸਕੂਲ ਫੇਜ਼ 3 ਬੀ 1, ਸਅਸ ਵਿਖੇ ਪੁਜਦੇ ਕਰਣਗੇ ।ਜੇਕਰ ਉਹ ਯੋਗ ਪਾਏ ਜਾਂਦੇ ਹਨ ਤਾਂ ਅਜਿਹੇ ਕਰਮਚਾਰੀਆ ਨੂੰ ਵੀ ਮਿਤੀ 30/06/16 ਤੱਕ ਖਾਲੀ ਅਸਾਮੀਆ ਵਿਰੁਧ ਪਦਉਨਤ ਕਰਨ ਲਈ ਵਿਚਾਰਿਆਂ ਜਾਵੇਗਾ ਅਤੇ ਇਹਨਾਂ ਨੂੰ ਇਸ ਮਿਤੀ ਤੋਂ ਹੀ ਪਦ-ਉੱਨਤ ਕੀਤਾ ਜਾਵੇਗਾ। ਅਜਿਹੇ ਯੋਗ ਕਰਮਚਾਰੀ ਆਪਣੀ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆ ਕਾਪੀਆ ਸਮੇਤ ਪ੍ਰਤੀ ਬੇਨਤੀ ਸਿਧੇ ਤੌਰ ਤੇ ਉਕਤ ਮਿਤੀ ਤੱਕ ਉਕਤ ਦਰਸਾਏ ਪਤੇ ਤੇ ਨਿਜੀ ਤੌਰ ਤੇ ਦੇ ਸਕਦੇ ਹਨ। ਡਾਕ ਰਾਹੀਂ ਪ੍ਰਤੀ ਬੇਨਤੀ ਨਾ ਭੇਜੀ ਜਾਵੇ।

2. ਪਦ-ਉੱਨਤ ਕੀਤੇ ਕਰਮਚਾਰੀਆਂ ਦਾ ਪਰਖ ਸਮਾਂ 1 ਸਾਲ ਦਾ ਹੋਏਗਾ।

3. ਇਹ ਤਰੱਕੀਆਂ ਵਿਭਾਗ ਵੱਲੋਂ ਮਿਤੀ 19/07/13 ਅਤੇ ਉਸ ਦੀ ਲਗਤਾਰਤਾ ਵਿੱਚ ਮਾਸਟਰ/ਮਿਸਟ੍ਰੈਸ ਦੀ ਜੋ ਅੰਤਿਮ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ, ਦੇ ਅਧਾਰ ਤੇ ਕੀਤੀਆਂ ਗਈਆਂ ਹਨ। ਇਹ ਤਰੱਕੀਆਂ ਬਿਲਕੁੱਲ ਆਰਜੀ ਹੋਣਗੀਆਂ।

4. ਤਰੱਕੀ ਲਈ ਵਿਚਾਰੇ ਗਏ ਉਮੀਦਵਾਰਾਂ ਵਿੱਚੋਂ ਜੇ ਕੋਈ ਕਰਮਚਾਰੀ ਇਹਨਾਂ ਹੁਕਮਾਂ ਦੀ ਮਿਤੀ ਨੂੰ ਵਾਧੇ ਤੇ ਚੱਲ ਰਿਹਾ ਹੈ, ਤਾਂ ਅਜਿਹਾ ਕਰਮਚਾਰੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰੱਕੀ ਲੈਣ ਦਾ ਹੱਕਦਾਰ ਨਹੀਂ ਹੈ।

5. ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ, ਵਿਸ਼ੇਸ਼ ਤੌਰ ਤੇ ਮਾਸਟਰ/ਮਿਸਟ੍ਰੈਸਾ ਦੀ ਸੀਨੀਆਰਤਾ ਸਬੰਧੀ ਜੋ ਕੇਸ ਪੈਡਿੰਗ ਹਨ , ਦੇ ਫੈਸਲੇ ਇਨ੍ਹਾਂ ਹੁਕਮਾਂ ਤੇ ਲਾਗੂ ਹੋਣਗੇ।

6. ਸਟੇਸ਼ਨ ਚੋਣ/ਅਲਾਟ ਕਰਨ ਲਈ ਸਾਰੇ ਪਦ-ਉੱਨਤ ਲੈਕਚਰਾਰ ਨੂੰ ਬਹੁਤ ਜਲਦੀ ਵੱਖਰੇ ਤੌਰ ਤੇ ਡਾਇਰੈਕਟੋਰੇਟ (ਸੈ.ਸਿ) ਮੋਹਾਲੀ (ਆਡੋਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ) ਵਿਖੇ ਬੁਲਾਇਆ ਜਾਵੇਗਾ।

7. ਸਟੇਸਨ ਮਿਲਣ ਉਪਰੰਤ ਹਰ ਲੈਕਚਰਾਰ 4 ਦਿਨਾਂ ਦੇ ਅੰਦਰ ਅੰਦਰ ਹਰ ਹਾਲਤ ਵਿਚ ਅਲਾਟ ਕੀਤੇ ਸਟੇਸਨ ਤੇ ਹਾਜਰ ਹੋਣਗੇ। ਹਾਜਰ ਨਾ ਹੋਣ ਦੀ ਸੂਰਤ ਵਿੱਚ ਉਸ ਨੂੰ 2 ਸਾਲ ਲਈ ਪਦ ਉਨਤੀ ਤੋਂ ਡੀਬਾਰ ਸਮਝਿਆ ਜਾਵੇਗਾ। ਸਬੰਧਤ ਡੀ.ਡੀ.ੳ ਅਜਿਹੇ ਕਰਮਚਾਰੀਆਂ ਦੀ ਸੇਵਾ ਪੱਤਰੀ ਵਿੱਚ ਡੀਬਾਰ ਸੰਬਧੀ ਐਂਟਰੀ ਕਰਨਾ ਯਕੀਨੀ ਬਣਾਉਣਗੇ।

8. ਪਦ-ਉੱਨਤੀ ਉਪਰੰਤ ਮਿਥੇ ਸਮੇ ਵਿੱਚ ਹਾਜ਼ਰ ਹੋਣ ਵਾਲੇ ਅਤੇ ਹਾਜ਼ਰ ਨਾ ਹੋਣ ਵਾਲੇ ਕਰਮਚਾਰੀਆਂ ਦੀਆ ਵੱਖ ਵੱਖ ਸੂਚੀਆਂ (ਵਿਸ਼ੇ ਵਾਰ) ਸੰਬਧਤ ਜਿਲ੍ਹਾ ਸਿੱਖਿਆ ਅਫਸਰ, ਡਾਇਰੈਕਟੋਰੇਟ (ਸੈ.ਸਿ) ਦੀ ਅਮਲਾ -1 ਸ਼ਾਖਾ ਵਿਖੇ ਮਿਤੀ 31/07/16 ਤੱਕ ਭੇਜਣਾ ਯਕੀਨੀ ਬਣਾਉਣਗੇ।

ਬਲਬੀਰ ਸਿੰਘ ਢੋਲ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ
ਐਸ.ਏ.ਐਸ ਨਗਰ

ਪਿਠ ਅੰਕਣ ਨੰ.: ਉਕਤ ਮਿਤੀ: 3/7/2016

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ( ਸਿਖਿਆਂ 2 ਸ਼ਾਖਾ)।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਦੀ ਕਾਪੀ www.ssapunjab.org ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
3. ਮੰਡਲ ਸਿੱਖਿਆਂ ਅਫਸਰ ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ।
5. ਸੰਬਧਤ ਕਰਮਚਾਰੀ ਇਹਨਾਂ ਹੁਕਮਾਂ ਦੀ ਕਾਪੀ www.ssapunjab.org ਤੋਂ ਪ੍ਰਾਪਤ ਕਰਣਗੇ।

ਸਹਾਇਕ ਡਾਇਰੈਕਟਰ (ਸ.ਪ੍ਰ-1)